# ਨਿਸ਼ਸਤਰੀਕਰਨ, ਗੈਰ-ਪ੍ਰਸਾਰ ਅਤੇ ਨਿਰਯਾਤ ਨਿਯੰਤਰਣ ਦੇ ਮੁੱਦਿਆਂ 'ਤੇ ਭਾਰਤ-ਜਾਪਾਨ ਦੇ ਵਿਚਕਾਰ ਸਲਾਹ-ਮਸ਼ਵਰੇ

ਅਪ੍ਰੈਲ 24, 2024

ਨਿਸ਼ਸਤਰੀਕਰਨ, ਅਪ੍ਰਸਾਰ ਅਤੇ ਨਿਰਯਾਤ ਨਿਯੰਤਰਣ ਦੇ ਮੁੱਦੇ 'ਤੇ ਭਾਰਤ-ਜਪਾਨ ਸਲਾਹ-ਮਸ਼ਵਰੇ ਦਾ 10ਵਾਂ ਦੌਰ 24 ਅਪ੍ਰੈਲ, 2024 ਨੂੰ ਟੋਕੀਓ ਵਿਖੇ ਆਯੋਜਿਤ ਕੀਤਾ ਗਿਆ ਸੀ। ਦੋਵੇਂ ਪੱਖਾਂ ਨੇ ਪ੍ਰਮਾਣੂ, ਰਸਾਇਣਕ ਅਤੇ ਜੈਵਿਕ ਖੇਤਰਾਂ, ਬਾਹਰੀ ਪੁਲਾੜ (ਆਉਟਰ ਸਪੇਸ) ਦੀ ਸੁਰੱਖਿਆ, ਅਪ੍ਰਸਾਰ ਮੁੱਦਿਆਂ, ਰਵਾਇਤੀ ਹਥਿਆਰਾਂ ਅਤੇ ਨਿਰਯਾਤ ਨਿਯੰਤਰਣ ਨਾਲ ਸੰਬੰਧਤ ਨਿਸ਼ਸਤਰੀਕਰਨ ਅਤੇ ਅਪ੍ਰਸਾਰ ਦੇ ਖੇਤਰਾਂ ਵਿੱਚ ਵਿਕਾਸ 'ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

2. ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੀ ਸੰਯੁਕਤ ਸਕੱਤਰ (ਨਿਸ਼ਸਤਰੀਕਰਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਮਾਮਲੇ) ਸ਼੍ਰੀਮਤੀ ਮੁਆਨਪੁਈ ਸਾਇਆਵੀ ਨੇ ਕੀਤੀ, ਜਦੋਂ ਕਿ ਜਾਪਾਨੀ ਵਫ਼ਦ ਦੀ ਅਗਵਾਈ ਉਨ੍ਹਾਂ ਦੇ ਵਿਦੇਸ਼ ਮੰਤਰਾਲੇ ਦੇ ਨਿਸ਼ਸਤਰੀਕਰਨ, ਅਪ੍ਰਸਾਰ ਅਤੇ ਵਿਗਿਆਨ ਵਿਭਾਗ ਦੇ ਡਾਇਰੈਕਟਰ ਜਨਰਲ ਸ਼੍ਰੀ ਕਤਸੁਰੋ ਕਿਟਾਗਾਵਾ ਦੁਆਰਾ ਕੀਤੀ ਗਈ।

**ਨਵੀਂ ਦਿੱਲੀ**
**ਅਪ੍ਰੈਲ 24, 2024**